بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

**Mob:** +919682536974, **E-Mail:** ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਗ਼ਜ਼ਵਾ ਹੁਨੈਨ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 03 ਅਕਤੂਬਰ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ اِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਹੁਨੈਨ ਦੀ ਜੰਗ ਦੇ ਬਾਅਦ ਉਸ ਵਿੱਚ ਹਾਸਿਲ ਹੋਣ ਵਾਲੇ ਮਾਲਿ ਗ਼ਨੀਮਤ ਅਤੇ ਉਸ ਦੀ ਵੰਡ ਦਾ ਜ਼ਿਕਰ ਹੋ ਰਿਹਾ ਸੀ, ਇਸ ਬਾਰੇ ਹੋਰ ਵਾਕ਼ਿਆਤ ਇੰਝ ਬਿਆਨ ਹੋਏ ਹਨ।

ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸਾਰਾ ਮਾਲ ਜਿਅਰਾਨਾ ਮੁਕ਼ਾਮ 'ਚ ਜਮ੍ਹਾ ਕਰਨ ਦਾ ਹੁਕਮ ਦਿੱਤਾ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਤਾਇਫ਼ ਦਾ ਰੁਖ਼ ਕੀਤਾ ਅਤੇ ਘੱਟੋ ਘੱਟ ਇੱਕ ਮਹੀਨੇ ਬਾਅਦ ਤਾਇਫ਼ ਤੋਂ ਜਿਅਰਾਨਾ ਤਸ਼ਰੀਫ਼ ਲਿਆਏ ਅਤੇ ਇੱਥੇ ਪਹੁੰਚ ਕੇ ਵੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਮਾਲਿ ਗ਼ਨੀਮਤ ਨਹੀਂ ਵੰਡਿਆ ਬਲਕਿ ਕੁੱਝ ਦਿਨ ਹੋਰ ਇੰਤਜ਼ਾਰ ਕੀਤਾ ਕਿ ਸ਼ਾਇਦ ਬਨੂ ਹਵਾਜ਼ਨ ਤੌਬਾ ਕਰਕੇ ਵਾਪਿਸ ਆਉਣ। ਇੱਧਰ ਨਬੀ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਉਨ੍ਹਾਂ ਦਾ ਇੰਤਜ਼ਾਰ ਕਰਦੇ ਰਹੇ ਅਤੇ ਉੱਧਰ ਬਨੂ ਹਵਾਜ਼ਨ ਇਸ ਕਸ਼ ਮਕਸ਼ ਵਿੱਚ ਰਹੇ ਕਿ ਉਨ੍ਹਾਂ ਦਾ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕੋਲ ਜਾਣਾ ਫ਼ਾਇਦੇਮੰਦ ਵੀ ਹੋਵੇਗਾ ਜਾਂ ਨਹੀਂ। ਜਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਤਕ਼ਰੀਬਨ 13-14 ਦਿਨ ਇੰਤਜ਼ਾਰ ਕਰ ਕੇ ਮਾਲਿ ਗ਼ਨੀਮਤ ਵੰਡ ਦਿੱਤਾ ਤਾਂ ਬਨੂ ਹਵਾਜ਼ਨ ਦੇ 14 ਆਗੂ ਜਿਹੜੇ ਇਸਲਾਮ ਕ਼ਬੂਲ ਕਰ ਚੁੱਕੇ ਸਨ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਹਾਜ਼ਿਰ ਹੋਏ ਅਤੇ ਅਰਜ਼ ਕੀਤਾ ਕਿ ਸਾਡੇ ਸਾਰੇ ਕ਼ਬੀਲੇ ਨੇ ਇਸਲਾਮ ਕ਼ਬੂਲ ਕਰ ਲਿਆ ਹੈ। ਉਨ੍ਹਾਂ ਲੋਕਾਂ ਨੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਕੋਲ ਰਹਿਮ ਦੀ ਅਪੀਲ ਕੀਤੀ ਤਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਮੈਂ ਤਾਂ ਬਹੁਤ ਦਿਨਾਂ ਤੱਕ ਤੁਹਾਡਾ ਇੰਤਜ਼ਾਰ ਕੀਤਾ ਪਰ ਫਿਰ ਮਾਲਿ ਗ਼ਨੀਮਤ ਵੰਡ ਦਿੱਤਾ। ਹੁਣ ਤੁਸੀਂ ਦੇਖ ਰਹੇ ਹੋ ਕਿ ਕ਼ੈਦੀਆਂ ਵਿੱਚੋਂ ਬਹੁਤ ਘੱਟ ਮੌਜੂਦ ਰਹਿ ਗਏ ਹਨ ਅਤੇ ਬਾਕ਼ੀ ਸਭ ਵੰਡੇ ਜਾ ਚੁੱਕੇ ਹਨ ਇਸ ਲਈ ਹੁਣ ਤੁਸੀਂ ਮਾਲ ਜਾਂ ਕ਼ੈਦੀ ਮਰਦ ਅਤੇ ਔਰਤਾਂ ਵਿੱਚੋਂ ਕਿਸੇ ਇੱਕ ਨੂੰ ਚੁਣ ਸਕਦੇ ਹੋ। ਬਨੂ ਹਵਾਜ਼ਨ ਨੇ ਕ਼ੈਦੀ ਮਰਦਾਂ ਅਤੇ ਔਰਤਾਂ ਨੂੰ ਵਾਪਿਸ ਲੈਣ ਦਾ ਫ਼ੈਸਲਾ ਕੀਤਾ ਜਿਸ 'ਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਬਨੂ ਅਬਦੁਲ ਮੁੱਤਲਿਬ ਦੇ ਕੋਲ ਮੌਜੂਦ ਕ਼ੈਦੀ ਤਾਂ ਫ਼ੌਰਨ ਵਾਪਿਸ ਕਰ ਦਿੱਤੇ ਜਦ ਕਿ ਬਾਕ਼ੀ ਕ਼ੈਦੀਆਂ ਦੇ ਬਾਰੇ ਉਨ੍ਹਾਂ ਨੂੰ ਮਸ਼ਵਰਾ ਦਿੱਤਾ ਕਿ ਉਹ ਮੁਸਲਮਾਨਾਂ ਦੇ ਸਾਹਮਣੇ ਆਪਣੇ ਇਸਲਾਮ ਦਾ ਇਜ਼ਹਾਰ ਕਰਕੇ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਆਪਣੇ ਲਈ ਸਿਫ਼ਾਰਿਸ਼ ਕਰਨ ਵਾਲਾ ਨਿਯੁਕਤ ਕਰ ਦੇਣ। ਚੁਨਾਂਚਿ ਅਜਿਹਾ ਹੀ ਕੀਤਾ ਗਿਆ ਅਤੇ ਇੰਝ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਬੇਮਿਸਾਲ ਦਿਆਲੁਤਾ ਦੀ ਵਜ੍ਹਾ ਨਾਲ ਬਨੂ ਹਵਾਜ਼ਨ ਦੇ ਸਾਰੇ ਕ਼ੈਦੀ ਚੰਗੀ ਤਰ੍ਹਾਂ ਆਜ਼ਾਦ ਹੋ ਗਏ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਬਨੂ ਹਵਾਜ਼ਨ ਦੇ ਉਨ੍ਹਾਂ ਕ਼ੈਦੀਆਂ ਨੂੰ ਨਾ ਸਿਰਫ਼ ਬਗ਼ੈਰ ਕਿਸੇ ਮੁਆਵਜ਼ੇ ਦੇ ਆਜ਼ਾਦ ਕਰ ਦਿੱਤਾ ਬਲਕਿ ਉਨ੍ਹਾਂ ਨੂੰ ਕੱਪੜੇ ਵੀ ਅਤਾ ਕੀਤੇ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ

ਤਾਕ਼ੀਦ ਕੀਤੀ ਕਿ ਇਨ੍ਹਾਂ ਵਿੱਚੋਂ ਕੋਈ ਵੀ ਆਜ਼ਾਦ ਹੋਣ ਵਾਲ਼ਾ ਨਵੇਂ ਲਿਬਾਸ ਦੇ ਬਗ਼ੈਰ ਨਾ ਜਾਵੇ। ਚੁਨਾਂਚਿ ਇਸ ਹੁਕਮ ਦੀ ਤਾਅਮੀਲ ਵਿੱਚ ਹਰ ਕ਼ੈਦੀ ਨੂੰ ਨਵਾਂ ਲਿਬਾਸ ਵੀ ਦਿੱਤਾ ਗਿਆ। ਰਿਵਾਇਤ ਦੇ ਮੁਤਾਬਿਕ਼ ਤਿੰਨ ਵਿਅਕਤੀ ਅਜਿਹੇ ਸਨ ਕਿ ਉਨ੍ਹਾਂ ਨੇ ਆਪਣੇ ਕ਼ੈਦੀ ਵਾਪਿਸ ਦੇਣ ਤੋਂ ਇਨਕਾਰ ਕਰ ਦਿੱਤਾ। ਕੁੱਝ ਦੂਸਰੀਆਂ ਰਿਵਾਇਤਾਂ ਦੇ ਮੁਤਾਬਿਕ਼ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਬਨੂ ਹਵਾਜ਼ਨ ਦੇ ਸਾਰੇ ਕ਼ੈਦੀ ਆਜ਼ਾਦ ਹਨ ਅਤੇ ਜਿਹੜਾ ਆਪਣਾ ਕ਼ੈਦੀ ਆਜ਼ਾਦ ਕਰਨਾ ਨਹੀਂ ਚਾਹੁੰਦਾ ਉਸ ਨੂੰ ਉਸ ਦੇ ਬਦਲੇ ਬੈਤੁਲ ਮਾਲ 'ਚੋਂ ਛੇ ਜਵਾਨ ਊਠ ਮੁਆਵਜ਼ੇ ਦੇ ਤੌਰ 'ਤੇ ਦਿੱਤੇ ਜਾਣਗੇ। ਚੁਨਾਂਚਿ ਇਸ 'ਤੇ ਉਹ ਸਭ ਲੋਕ ਵੀ ਰਾਜ਼ੀ ਹੋ ਗਏ ਜਿਹੜੇ ਆਪਣੇ ਕ਼ੈਦੀ ਦੇਣ ਨੂੰ ਤਿਆਰ ਨਾ ਸਨ ਅਤੇ ਇੰਝ ਬਨੂ ਹਵਾਜ਼ਨ ਦੇ ਛੇ ਹਜ਼ਾਰ (6000) ਕ਼ੈਦੀ ਆਜ਼ਾਦ ਕਰ ਦਿੱਤੇ ਗਏ।

ਕੁੱਝ ਰਿਵਾਇਤਾਂ ਦੇ ਮੁਤਾਬਿਕ਼ ਉਯੈਨਾ ਬਿਨ ਹਿਸ੍ਨ ਨੇ ਨਾ ਫ਼ਰਮਾਨੀ ਕੀਤੀ ਅਤੇ ਉਸ ਨੂੰ ਸਖ਼ਤ ਸ਼ਰਮਿੰਦਗੀ ਚੁੱਕਣੀ ਪਈ ਅਤੇ ਉਹ ਖ਼ੈਰ-ਓ-ਬਰਕਤ ਤੋਂ ਵੀ ਵਾਂਝਾ ਰਿਹਾ। ਚੁਨਾਂਚਿ ਲਿਖਿਆ ਹੈ ਕਿ ਜਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਦੱਸਿਆ ਗਿਆ ਕਿ ਸਭ ਨੇ ਆਪਣੇ ਕ਼ੈਦੀ ਵਾਪਿਸ ਕਰ ਦਿੱਤੇ ਹਨ ਸਿਵਾਏ ਉਯੈਨਾ ਦੇ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ, ਅੱਲਾਹ ਉਸਨੂੰ ਘਾਟੇ ਵਿੱਚ ਰੱਖੇ। ਉਸ ਦੇ ਕ਼ੈਦੀ ਦਾ ਇੰਝ ਵਾਕ਼ਿਆ ਹੈ ਕਿ ਉਸ ਨੇ ਜਵਾਨ ਔਰਤ ਦੀ ਬਜਾਏ ਇੱਕ ਬੁੱਢੀ ਔਰਤ ਨੂੰ ਬਤੌਰ ਕ਼ੈਦੀ ਦੇ ਲਿਆ ਸੀ ਤਾਂ ਜੋ ਉਸਦਾ ਮੂੰਹ ਮੰਗਿਆ ਫ਼ਿਦਯਾ ਮਿਲੇਗਾ ਕਿਉਂਕਿ ਉਸ ਦੀ ਔਲਾਦ ਬਹੁਤ ਜ਼ਿਆਦਾ ਤਾਅਦਾਦ ਵਿੱਚ ਹੋਵੇਗੀ। ਜਦ ਉਸ ਬੁੱਢੀ ਔਰਤ ਦਾ ਬੇਟਾ ਉਯੈਨਾ ਦੇ ਕੋਲ਼ ਆਇਆ ਅਤੇ 100 ਊਠਾਂ ਦੇ ਮੁਆਵਜ਼ੇ ਦੇ ਬਦਲੇ ਉਸ ਦੀ ਆਜ਼ਾਦੀ ਦੀ ਪੇਸ਼ਕਸ਼ ਕੀਤੀ ਤਾਂ ਉਯੈਨਾ ਨੇ ਹੋਰ ਲਾਲਚ ਵਿੱਚ ਆਜ਼ਾਦ ਕਰਨ ਤੋਂ ਇਨਕਾਰ ਕਰ ਦਿੱਤਾ। ਕੁੱਝ ਦੇਰ ਬਾਅਦ ਜਦ ਆਪ ਉਸਦੇ ਬੇਟੇ ਦੇ ਕੋਲ਼ ਗਿਆ ਅਤੇ ਕਹਿਣ ਲੱਗਾ ਕਿ ਜਿੰਨੇ ਊਠ ਤੂੰ ਦੇ ਰਿਹਾ ਸੀ, ਕੀ ਹੁਣ ਦਿੰਦਾ ਹੈਂ? ਤਾਂ ਉਸ ਲੜਕੇ ਨੇ ਕਿਹਾ ਕਿ ਹੁਣ ਤਾਂ ਮੈਂ 50 ਊਠ ਦੇਵਾਂਗਾ। ਇਸ ਤਰ੍ਹਾਂ ਉਹ ਕੁੱਝ ਹੋਰ ਮੰਗਦਾ ਅਤੇ ਉਹ ਕੁੱਝ ਹੋਰ ਕਹਿੰਦਾ। ਆਖ਼ਿਰ ਘੱਟ ਹੁੰਦੇ ਹੁੰਦੇ ਗੱਲ ਇੱਥੋਂ ਤੱਕ ਪਹੁੰਚੀ ਕਿ ਉਯੈਨਾ ਕਹਿਣ ਲੱਗਾ ਕਿ ਇਹ ਬੁੱਢੀ ਮੁਫ਼ਤ ਹੀ ਲੈ ਜਾ ਮੇਰੇ ਕੋਲ਼ੋਂ। ਇਸ 'ਤੇ ਉਹ ਮੁੰਡਾ ਕਹਿਣ ਲੱਗਾ ਕਿ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਤਾਂ ਹਰ ਕ਼ੈਦੀ ਨੂੰ ਆਜ਼ਾਦ ਕਰਨ ਦੇ ਨਾਲ਼ ਲਿਬਾਸ ਵੀ ਦਿੱਤਾ ਹੈ ਅਤੇ ਇਹ ਬੁੱਢੀ ਤਾਂ ਇਸ ਤੋਂ ਵਾਂਝੀ ਰਹਿ ਗਈ ਹੈ, ਇਸ ਲਈ ਤੂੰ ਇਸ ਦੇ ਲਈ ਲਿਬਾਸ ਵੀ ਦੇ। ਆਖ਼ਿਰ ਉਯੈਨਾ ਨੂੰ ਆਪਣੀ ਚਾਦਰ ਦੇਣੀ ਪਈ ਅਤੇ ਇੰਝ ਉਹ ਮੁੰਡਾ ਉਸ ਕ਼ੈਦੀ ਔਰਤ ਨੂੰ ਵੀ ਲੈ ਗਿਆ ਅਤੇ ਨਾਲ਼ ਲਿਬਾਸ ਵੀ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਬਨੂ ਹਵਾਜ਼ਨ ਤੋਂ ਉਨ੍ਹਾਂ ਦੇ ਸਰਦਾਰ ਮਾਲਿਕ ਬਿਨ ਔਫ਼ ਦੇ ਬਾਰੇ ਪੁੱਛਿਆ ਤਾਂ ਪਤਾ ਲੱਗਾ ਕਿ ਉਹ ਤਾਇਫ਼ ਵਿੱਚ ਬਨੂ ਸਕ਼ੀਫ਼ ਦੇ ਕੋਲ਼ ਹੈ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸਨੂੰ ਪੈਗ਼ਾਮ ਭਿਜਵਾਇਆ ਕਿ ਜੇਕਰ ਉਹ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਆਗਿਆਕਾਰੀ ਕ਼ਬੂਲ ਕਰਕੇ ਆ ਜਾਵੇ ਤਾਂ ਉਸ ਦੇ ਘਰ ਵਾਲ਼ੇ ਉਸਨੂੰ ਵਾਪਿਸ ਕਰ ਦਿੱਤੇ ਜਾਣਗੇ। ਮਾਲਿਕ ਬਿਨ ਔਫ਼ ਜਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਹਾਜ਼ਿਰ ਹੋਇਆ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸ ਨੂੰ ਉਸ ਦੇ ਘਰ ਵਾਲ਼ੇ ਵੀ ਲੌਟਾ ਦਿੱਤੇ ਅਤੇ ਊਠ ਵੀ ਬਤੌਰ ਤੋਹਫ਼ੇ ਦੇ ਦਿੱਤੇ। ਮਾਲਿਕ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਇਸ ਇਨਾਇਤ ਨੂੰ ਦੇਖ ਕੇ ਮੁਸਲਮਾਨ ਹੋ ਗਿਆ।

ਬਨੂ ਹਵਾਜ਼ਨ ਦੇ ਕ਼ੈਦੀਆਂ ਵਿੱਚ ਇੱਕ ਖ਼ਾਤੂਨ ਸ਼ੀਮਾ ਵੀ ਸੀ, ਜਿਨ੍ਹਾਂ ਦਾ ਅਸਲ ਨਾਮ ਹੁਜ਼ਾਫ਼ਾ ਸੀ। ਜਦ ਉਹ ਗਿਰਫ਼ਤਾਰ ਹੋਈ ਤਾਂ ਉਨ੍ਹਾਂ ਨੇ ਕਿਹਾ ਕਿ ਮੈਂ ਤੁਹਾਡੇ ਨਬੀ ਦੀ ਰਜ਼ਾਈ ਭੈਣ ਹਾਂ। ਉਨ੍ਹਾਂ ਨੂੰ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਪੇਸ਼ ਕੀਤਾ ਗਿਆ। ਉਨ੍ਹਾਂ ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਆਪਣੇ ਰਜ਼ਾਈ ਰਿਸ਼ਤੇ ਦੀ ਨਿਸ਼ਾਨੀ ਦੇ ਤੌਰ 'ਤੇ ਦੰਦਾਂ ਦਾ ਨਿਸ਼ਾਨ ਦਿਖਾਇਆ ਅਤੇ ਦੱਸਿਆ ਕਿ ਇਹ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਮੈਨੂੰ ਉਸ ਵੇਲ਼ੇ ਕੱਟ ਲਿਆ ਸੀ ਜਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਮੇਰੀ ਗੋਦ ਵਿੱਚ ਸਨ। ਫਿਰ ਦੱਸਿਆ ਕਿ ਅਸੀਂ ਉਸ ਵੇਲ਼ੇ ਬੱਕਰੀਆਂ ਚਰਾਉਂਦੇ ਸੀ ਅਤੇ ਇਹ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਰਜ਼ਾਈ ਮਾਂ ਬਾਪ ਮੇਰੇ ਹਕ਼ੀਕ਼ੀ ਮਾਂ ਬਾਪ ਹਨ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਇਹ ਸੁਣ ਕੇ ਆਪਣੀ ਜਗ੍ਹਾ ਤੋਂ ਖੜੇ ਹੋ ਗਏ ਅਤੇ ਉਨ੍ਹਾਂ ਦੇ ਲਈ ਆਪਣੀ ਚਾਦਰ ਵਿਛਾ ਦਿੱਤੀ ਅਤੇ ਫ਼ਰਮਾਇਆ ਇਸ ਤੇ ਬੈਠੋ। ਆਪ

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀਆਂ ਅੱਖਾਂ 'ਚੋਂ ਹੰਝੂ ਵਹਿਣ ਲੱਗੇ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਨ੍ਹਾਂ ਤੋਂ ਆਪਣੇ ਰਜ਼ਾਈ ਮਾਂ ਬਾਪ ਦੇ ਬਾਰੇ ਪੁੱਛਿਆ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦਾ ਇੰਤਿਕ਼ਾਲ ਹੋ ਚੁੱਕਿਆ ਹੈ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਠਹਿਰਣ ਜਾਂ ਵਾਪਿਸ ਜਾਣ ਦਾ ਇਖ਼ਤਿਆਰ ਉਨ੍ਹਾਂ ਤੇ ਛੱਡ ਦਿੱਤਾ। ਉਨ੍ਹਾਂ ਨੇ ਇਸਲਾਮ ਕ਼ਬੂਲ ਕਰਦੇ ਹੋਏ ਵਾਪਿਸ ਜਾਣ ਦਾ ਫ਼ੈਸਲਾ ਕੀਤਾ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਨ੍ਹਾਂ ਨੂੰ ਤਿੰਨ ਗ਼ੁਲਾਮ ਅਤੇ ਇੱਕ ਲੌਂਡੀ ਅਤਾ ਕੀਤੀ। ਇਸੇ ਤਰ੍ਹਾਂ ਊਠ ਵੀ ਅਤਾ ਕੀਤੇ। ਅਬੂ ਦਾਊਦ ਦੀ ਇੱਕ ਕਮਜ਼ੋਰ ਰਿਵਾਇਤ ਦੇ ਮੁਤਾਬਿਕ਼ ਜਿਅਰਾਨਾ ਦੇ ਮੁਕ਼ਾਮ 'ਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਰਜ਼ਾਈ ਵਾਲਦਾ ਵੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਮਿਲਣ ਆਈ। ਪਰ ਇਸ ਦੀ ਸਨਦ ਕਮਜ਼ੋਰ ਹੈ। ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਮੁਮਕਿਨ ਹੈ ਕਿ ਰਜ਼ਾਈ ਵਾਲਦਾ ਦੀ ਮੁਲਾਕ਼ਾਤ ਦਾ ਵਾਕ਼ਿਆ ਕਿਸੇ ਹੋਰ ਮੌਕ਼ੇ ਦਾ ਹੋਵੇ ਜਾਂ ਰਾਵੀ ਨੂੰ ਗ਼ਲਤੀ ਲੱਗੀ ਹੋਵੇ ਕਿਉਂਕਿ ਰਿਵਾਇਤ ਦੇ ਮੁਤਾਬਿਕ਼ ਆਂਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਰਜ਼ਾਈ ਵਾਲਦਾ ਦੀ ਵਫ਼ਾਤ ਜੰਗਿ ਹੁਨੈਨ ਤੋਂ ਪਹਿਲਾਂ ਹੋ ਚੁੱਕੀ ਸੀ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਜਦ ਮੱਕੇ ਤੋਂ ਮਦੀਨਾ ਹਿਜਰਤ ਕੀਤੀ ਸੀ ਤਾਂ ਸੌ (100) ਊਠਾਂ ਦੇ ਇਨਾਮ ਦੇ ਲਾਲਚ ਵਿੱਚ ਸੁਰਾਕ਼ਾ ਬਿਨ ਮਾਲਿਕ ਨੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਪਿੱਛਾ ਕੀਤਾ ਸੀ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸ ਨੂੰ ਇੱਕ ਅਮਾਨ ਦੀ ਤਹਿਰੀਰ ਲਿਖ ਦਿੱਤੀ ਸੀ। ਇਹੀ ਸੁਰਾਕ਼ਾ ਜਿਅਰਾਨਾ ਦੇ ਮੁਕ਼ਾਮ 'ਤੇ ਆਪਣੀ ਤਹਿਰੀਰ ਦੇ ਨਾਲ਼ ਹਾਜ਼ਿਰ ਹੋਇਆ ਅਤੇ ਇਸਲਾਮ ਕ਼ਬੂਲ ਕਰ ਲਿਆ।

ਇਸੇ ਕ਼ਿਆਮ ਦੇ ਦੌਰਾਨ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਇੱਕ ਰਾਤ ਉਮਰੇ ਦੀ ਨੀਅਤ ਨਾਲ਼ ਮੱਕੇ ਤਸ਼ਰੀਫ ਲੈ ਗਏ ਅਤੇ ਰਾਤ ਨੂੰ ਹੀ ਵਾਪਿਸ ਆ ਗਏ। ਲੋਕਾਂ ਨੇ ਇਹੀ ਸਮਝਿਆ ਕਿ ਜਿਵੇਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਕਿਤੇ ਗਏ ਹੀ ਨਹੀਂ। ਜ਼ੁਲਕ਼ਾਅਦਾ ਦੇ 12 ਦਿਨ ਅਜੇ ਬਾਕ਼ੀ ਸਨ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਮਦੀਨੇ ਵਾਪਿਸੀ ਦਾ ਸਫ਼ਰ ਸ਼ੁਰੂ ਕੀਤਾ ਅਤੇ ਨੌਂ (09) ਦਿਨ ਦੇ ਸਫ਼ਰ ਦੇ ਬਾਅਦ ਮਦੀਨੇ ਵਾਪਿਸ ਪਹੁੰਚ ਗਏ।

ਹਜ਼ੂਰ ਅਨਵਰ ਨੇ ਪੱਛਮੀ ਲੇਖਕਾਂ ਦੇ ਕੁੱਝ ਐਤਰਾਜ਼ ਅਤੇ ਉਨ੍ਹਾਂ ਦੇ ਜਵਾਬ ਪੇਸ਼ ਕਰਦੇ ਹੋਏ ਫ਼ਰਮਾਇਆ ਕਿ ਇਹ ਸਭ ਕੁੱਝ ਪਹਿਲਾਂ ਵੀ ਬਿਆਨ ਹੋ ਚੁੱਕਿਆ ਹੈ। ਫ਼ਰਮਾਇਆ, ਇਹ ਸਨ ਕੁੱਲ ਵਾਕ਼ਿਆਤ ਹੁਨੈਨ ਦੇ। ਬਾਅਦ ਵਿੱਚ ਬਾਕ਼ੀ ਸਿਰਿੱਯਾ ਇੰਸ਼ਾ ਅੱਲਾਹ ਬਿਆਨ ਹੋਣਗੇ।

ਆਖ਼ਿਰ 'ਤੇ ਹਜ਼ੂਰ ਅਨਵਰ ਨੇ ਦੋ ਮਰਹੂਮਾਂ ਦਾ ਜ਼ਿਕਰਿ ਖ਼ੈਰ ਅਤੇ ਨਮਾਜ਼ਿ ਜਨਾਜ਼ਾ ਗ਼ਾਇਬ ਪੜ੍ਹਾਉਣ ਦਾ ਐਲਾਨ ਫ਼ਰਮਾਇਆ। ਜਿਨ੍ਹਾਂ ਵਿੱਚੋਂ ਪਹਿਲਾ ਜ਼ਿਕਰ ਮੁਕੱਰਮ ਡਾਕਟਰ ਲਈਕ਼ ਅਹਮਦ ਫ਼ੱਰੁਖ਼ ਸਾਹਿਬ ਆੱਫ਼ ਕੈਨੇਡਾ ਦਾ ਸੀ। ਮਰਹੂਮ ਨੇ ਕਾਫ਼ੀ ਸਾਲ ਵਾਕ਼ਿਫ਼ਿ ਜ਼ਿੰਦਗੀ ਡਾਕਟਰ ਦੇ ਤੌਰ 'ਤੇ ਅਫ਼ਰੀਕ਼ਾ ਵਿੱਚ ਖ਼ਿਦਮਤ ਸਰ ਅੰਜਾਮ ਦਿੱਤੀ। ਬੜੀ ਵਕ਼ਫ਼ ਦੀ ਰੂਹ ਦੇ ਨਾਲ਼ ਉਨ੍ਹਾਂ ਨੇ ਖ਼ਿਦਮਤ ਕੀਤੀ। ਮਰਹੂਮ ਖ਼ਾਮੋਸ਼ ਤਬੀਅਤ, ਦੁਆ ਗੋ, ਨਿਮਰਤਾ ਵਾਲੇ਼, ਸਬਰ ਅਤੇ ਇਸਤਿਕ਼ਾਮਤ ਦੀ ਮਿਸਾਲ ਸਨ। ਪੂਰੀ ਜ਼ਿੰਦਗੀ ਖ਼ਿਦਮਤਿ ਇਨਸਾਨੀਅਤ ਵਿੱਚ ਗੁਜ਼ਾਰੀ। ਮੁਸ਼ਕਿਲ ਹਾਲਾਤਾਂ ਵਿੱਚ ਬੜੀ ਇਸਤਿਕ਼ਾਮਤ ਨਾਲ਼ ਕੰਮ ਕਰਦੇ ਰਹੇ। ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਮੈਂ ਵੀ ਘਾਨਾ ਵਿੱਚ ਰਿਹਾ ਹਾਂ, ਮੈਂ ਵੀ ਉਨ੍ਹਾਂ ਦੇ ਨਾਲ਼ ਵਕ਼ਤ ਗੁਜ਼ਾਰਿਆ ਹੈ। ਇੰਤਿਹਾਈ ਸ਼ਰੀਫ਼ ਅਤੇ ਖ਼ਿਦਮਤ ਕਰਨ ਵਾਲੇ਼ ਇਨਸਾਨ ਸਨ। ਵਾਕ਼ਫ਼ੀਨ ਦਾ ਬਹੁਤ ਇਹਤਰਾਮ ਕਰਨ ਵਾਲੇ਼ ਸਨ, ਮਹਿਮਾਨ ਨਵਾਜ਼ੀ ਉਨ੍ਹਾਂ ਵਿੱਚ ਕੁੱਟ ਕੁੱਟ ਕੇ ਭਰੀ ਹੋਈ ਸੀ। ਦੋਹੇ ਪਤੀ ਪਤਨੀ ਮਹਿਮਾਨ ਨਵਾਜ਼ ਹਨ। ਬਹੁਤ ਸਾਰੀਆਂ ਅਜਿਹੀਆਂ ਖ਼ਾਸੀਅਤਾਂ ਸਨ ਜਿਹੜੀਆਂ ਘੱਟ ਹੀ ਲੋਕਾਂ ਵਿੱਚ ਹੁੰਦੀਆਂ ਹਨ।

ਦੂਸਰਾ ਜ਼ਿਕਰਿ ਖ਼ੈਰ ਮੁਕੱਰਮ ਹਮੀਦ ਅਹਮਦ ਗ਼ੌਰੀ ਸਾਹਿਬ ਆੱਫ਼ ਹੈਦਰਾਬਾਦ, ਭਾਰਤ ਦਾ ਸੀ। ਮਰਹੂਮ ਮੂਸੀ ਸਨ। ਪਿੱਛੇ ਐਹਲੀਆ, ਇੱਕ ਬੇਟੀ ਅਤੇ ਚਾਰ ਬੇਟੇ, ਪੋਤੇ ਪੋਤੀਆਂ ਸ਼ਾਮਿਲ ਹਨ। ਸਭ ਬੱਚੇ ਕਿਸੇ ਨਾ ਕਿਸੇ ਰੰਗ ਵਿੱਚ ਜਮਾਅਤ ਦੀ ਖ਼ਿਦਮਤ ਦੀ ਤੌਫ਼ੀਕ਼ ਪਾ ਰਹੇ ਹਨ। ਮਰਹੂਮ ਮੁਹੰਮਦ ਇਨਾਮ ਗ਼ੌਰੀ ਸਾਹਿਬ ਨਾਜ਼ਿਰ ਆਲਾ ਕ਼ਾਦੀਆਂ ਦੇ ਛੋਟੇ ਭਰਾ ਸਨ। ਸਮਦ ਗ਼ੌਰੀ ਸਾਹਿਬ ਮੁਬੱਲਿਗ਼ ਸਿਲਸਿਲਾ ਅਤੇ ਸਦਰ ਜਮਾਅਤ ਅਲਬਾਨੀਆ ਦੇ ਵਾਲਿਦ ਸਨ।

ਨਮਾਜ਼ ਰੋਜ਼ੇ ਦੇ ਪਾਬੰਦ, ਤਹੱਜੁਦ ਗੁਜ਼ਾਰ, ਕ਼ੁਰਆਨ ਮਜੀਦ ਨਾਲ ਮੁਹੱਬਤ ਕਰਨ ਵਾਲੇ ਸਨ, ਨੇਕ, ਸਾਲਿਹ ਬਜ਼ੁਰਗ ਸਨ।

ਹੱਜ ਅਤੇ ਉਮਰੇ ਦੀ ਸਆਦਤ ਵੀ ਉਨ੍ਹਾਂ ਨੂੰ ਨਸੀਬ ਹੋਈ। ਖ਼ਿਲਾਫ਼ਤ ਦੇ ਹੁਕਮਾਂ 'ਤੇ ਚੱਲਣ ਵਾਲੇ ਸਨ ਅਤੇ ਹਰ ਛੋਟੇ ਤੋਂ ਛੋਟਾ ਹੁਕਮ ਜਾਂ ਵੱਡੇ ਤੋਂ ਵੱਡਾ ਹੁਕਮ ਵੀ ਸੀ, ਕੋਸ਼ਿਸ਼ ਇਹ ਹੁੰਦੀ ਸੀ ਕਿ ਖ਼ੁਦ ਅਮਲ ਕਰਾਂਗਾ ਫਿਰ ਜਮਾਅਤ ਨੂੰ ਦੱਸਾਂਗਾ ਅਤੇ ਇਸ 'ਤੇ ਅੱਲਾਹ ਤਆਲਾ ਦੇ ਫਜ਼ਲ ਨਾਲ ਕਾਮਯਾਬ ਵੀ ਹੁੰਦੇ ਸਨ। ਹੋਮਿਓਪੈਥੀ ਦਾ ਇਲਾਜ ਵੀ ਕਰਿਆ ਕਰਦੇ ਸਨ। ਘਰ ਵਿੱਚ ਦਵਾਈਆਂ ਰੱਖੀਆਂ ਹੋਈਆਂ ਸਨ ਜਿਹੜੀਆਂ ਮਰੀਜ਼ਾਂ ਨੂੰ ਮੁਫ਼ਤ ਦਿਆ ਕਰਦੇ ਸਨ। ਮਾਲੀ ਕ਼ੁਰਬਾਨੀ ਵਿੱਚ ਪੇਸ਼ ਪੇਸ਼ ਰਹਿੰਦੇ, ਬਹੁਤ ਸਿਲਾ ਰਹਮੀ ਕਰਨ ਵਾਲੇ ਅਤੇ ਬਾਰ-ਬਾਰ ਆਪਣੇ ਰਿਸ਼ਤੇਦਾਰਾਂ ਨੂੰ ਘਰ ਇਕੱਠਾ ਕਰਦੇ ਸਨ ਅਤੇ ਉਨ੍ਹਾਂ ਦੇ ਦੁੱਖ ਸੁੱਖ ਵਿੱਚ ਸ਼ਰੀਕ ਹੁੰਦੇ ਸਨ। ਮਰਕਜ਼ੀ ਨੁਮਾਇੰਦਿਆਂ ਅਤੇ ਮੁਰੱਬੀਆਂ ਦੀ ਬਹੁਤ ਇੱਜ਼ਤ ਕਰਨ ਵਾਲੇ ਸਨ। ਨਾਇਬ ਅਮੀਰ ਹੈਦਰਾਬਾਦ ਅਤੇ ਸੈਕਟਰੀ ਤਾਅਲੀਮੁਲ ਕ਼ੁਰਆਨ, ਆਪਣੇ ਹਲਕੇ ਦੇ ਸਦਰ ਜਮਾਅਤ ਵੀ ਰਹੇ, ਨਾਜ਼ਿਮ ਅੰਸਾਰੁੱਲਾਹ ਵੀ ਰਹੇ, ਨਾਇਬ ਸਦਰ ਮਜਲਿਸ ਅੰਨਸਾਰ ਜਨੂਬੀ ਹਿੰਦ ਦੇ ਤੌਰ 'ਤੇ ਵੀ ਖ਼ਿਦਮਤ ਦੀ ਤੌਫ਼ੀਕ਼ ਮਿਲੀ। ਬ-ਹਰ ਹਾਲ ਕਾਫ਼ੀ ਉਨ੍ਹਾਂ ਦੀਆਂ ਜਮਾਅਤੀ ਖ਼ਿਦਮਤਾਂ ਵੀ ਹਨ। ਇੱਥੇ ਵੀ ਜਲਸੇ ਵਿੱਚ ਸ਼ਾਮਿਲ ਹੋ ਚੁੱਕੇ ਹਨ ਇੱਕ ਵਾਰ। ਅੱਲਾਹ ਤਆਲਾ ਉਨ੍ਹਾਂ ਨਾਲ ਮਗ਼ਫ਼ਿਰਤ ਅਤੇ ਰਹਿਮ ਦਾ ਸਲੂਕ ਫ਼ਰਮਾਵੇ। ਉਨ੍ਹਾਂ ਦੇ ਬੇਟੇ ਜਨਾਜ਼ੇ ਵਿੱਚ ਸ਼ਾਮਿਲ ਨਹੀਂ ਹੋ ਸਕੇ ਜਿਹੜੇ ਮੁਬੱਲਿਗ਼ ਸਿਲਸਿਲਾ ਹਨ ਅਲਬਾਨੀਆਂ ਵਿੱਚ। ਅੱਲਾਹ ਤਾਲਾ ਉਨ੍ਹਾਂ ਨੂੰ ਵੀ ਸਬਰ ਅਤੇ ਹੌਸਲਾ ਅਤਾ ਫ਼ਰਮਾਵੇ। ਬ-ਹਰ ਹਾਲ ਉਨ੍ਹਾਂ ਦੀ ਨਮਾਜ਼ਿ ਜਨਾਜ਼ਾ ਬਾਅਦ ਵਿੱਚ ਪੜ੍ਹਾਵਾਂਗਾ।

ਹਜ਼ੂਰ ਅਨਵਰ ਨੇ ਦੋਹਾਂ ਮਰਹੂਮਾਂ ਦੀ ਮਗ਼ਫ਼ਿਰਤ ਅਤੇ ਦਰਜਿਆਂ ਦੀ ਬੁਲੰਦੀ ਦੇ ਲਈ ਦੁਆ ਕੀਤੀ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞